# ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

***ਈ.ਮੇਲ:*** deoseamritsar@gmail.com ***ਫੋਨ ਅਤੇ ਫੈਕਸ ਨੰਬਰ:*** 0183-2225896

Website: **deoseasr.org** ਰਾਹੀ

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ
ਸਰਕਾਰੀ ਸੀਨੀ.ਸੈਕੰ./ਹਾਈ/ਮਿਡਲ ਸਕੂਲ,
ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ: ਜੀ-3/2016- 3397
ਮਿਤੀ : 17-03-2016

ਵਿਸ਼ਾ: ਈ-ਪੰਜਾਬ ਪੋਰਟਲ ਤੇ ਅਠਵੀਂ ਕਲਾਸ ਦੇ ਵਿਦਿਆਰਥੀਆਂ ਦਾ ਡਾਟਾ ਅਪਡੇਟ ਕਰਨ ਸੰਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਲਿਖਿਆ ਜਾਦਾਂ ਹੈ ਕਿ ਸਿੱਖਿਆ ਵਿਭਾਗ ਦੇ ਪੋਰਟਲ ਈ-ਪੰਜਾਬ ਉਪਰ ਅਠਵੀਂ ਕਲਾਸ ਦੇ ਰਿਜ਼ਲਟ ਅਪਲੋਡ ਕੀਤੇ ਜਾਣੇ ਹਨ। ਇਸ ਲਈ ਸਮੂਹ ਕਲਸਟਰ ਮੁੱਖੀਆਂ ਦੁਆਰਾ ਅਪਣੇ ਅਧੀਨ ਆਉਦੇਂ ਸਕੂਲਾਂ ਦੇ ਅਠਵੀਂ ਕਲਾਸ ਦੇ ਵਿਦਿਆਰਥੀਆਂ ਦਾ ਡਾਟਾ ਈ-ਪੰਜਾਬ ਪੋਰਟਲ ਉਪਰ ਕੱਲ ਮਿਤੀ 18/03/2016 ਸਵੇਰੇ 11 ਵਜੇ ਤੱਕ ਵੈਰੀਫਾਈ ਕਰ ਲਿਆ ਜਾਵੇ।ਸਮੂਹ ਕਲਸਟਰ ਮੁੱਖੀਆਂ ਦੁਆਰਾ ਇਹ ਯਕੀਨੀ ਬਣਾਇਆ ਜਾਵੇ ਕਿ ਅਠਵੀਂ ਕਲਾਸ ਦੇ ਜਿਨ੍ਹਾ ਵਿਦਿਆਰਥੀਆਂ ਨੂੰ ਰੋਲ ਨੰਬਰ ਜਾਰੀ ਕੀਤਾ ਗਿਆ ਹੈ ਉਹ ਵਿਦਿਆਰਥੀ ਈ-ਪੰਜਾਬ ਪੋਰਟਲ ਤੇ ਦਰਜ ਹੋਣ ਅਤੇ ਜੇਕਰ ਕੋਈ ਵੀ ਅਜਿਹਾ ਵਿਦਿਆਰਥੀ ਹੈ ਜਿਸ ਨੂੰ ਰੋਲ ਨੰਬਰ ਜਾਰੀ ਕੀਤਾ ਗਿਆ ਹੈ ਪਰੰਤੂ ਉਸਦਾ ਨਾਂਮ ਈ-ਪੰਜਾਬ ਪੋਰਟਲ ਤੇ ਦਰਜ ਨਹੀ ਹੈ ਤਾਂ ਤੁਰੰਤ ਉਸ ਵਿਦਿਆਰਥੀਆਂ ਦਾ ਡਾਟਾ ਈ-ਪੰਜਾਬ ਪੋਰਟਲ ਤੇ ਦਰਜ ਕੀਤਾ ਜਾਵੇ।ਇਸ ਤੋ ਇਲਾਵਾ ਅਗਰ ਕਿਸੇ ਵਿਦਿਆਰਥੀ ਨੂੰ ਰੋਲ ਨੰਬਰ ਜਾਰੀ ਨਹੀ ਕੀਤਾ ਗਿਆ ਅਤੇ ਉਸ ਵਿਦਿਆਰਥੀ ਦਾ ਡਾਟਾ ਈ-ਪੰਜਾਬ ਪੋਰਟਲ ਤੇ ਆਪ ਦੇ ਸਕੂਲ ਲਾਗਿਨ ਵਿਚ ਮੋਜੂਦ ਹੈ ਤਾਂ ਉਸਨੂੰ 'Student Left the School' ਆਪਸ਼ਨ ਵਿਚ ਜਾ ਕੇ ਵਿਦਿਆਰਥੀ ਦਾ ਡਾਟਾ ਡਿਲੀਟ ਕੀਤਾ ਜਾਵੇ।

ਉਪਰੋਕਤ ਅਨੁਸਾਰ ਸਮੂਹ ਕਲਸਟਰ ਮੁੱਖੀਆਂ ਦੁਆਰਾ ਅਪਣੇ ਸਕੂਲ ਅਤੇ ਅਪਣੇ ਅਧੀਨ ਆਉਦੇਂ ਸਕੂਲਾਂ ਦਾ ਅਠਵੀਂ ਕਲਾਸ ਦੇ ਵਿਦਿਆਰਥੀਆਂ ਦਾ ਡਾਟਾ ਈ-ਪੰਜਾਬ ਪੋਰਟਲ ਉਪਰ ਵੈਰੀਫਾਈ ਕਰਕੇ ਕਲ ਮਿਤੀ 18/03/2016 ਤੱਕ ਸਰਟੀਫਿਕੇਟ ਦਿੱਤਾ ਜਾਵੇ ਕਿ ਜਿਨ੍ਹਾ ਵਿਦਿਆਰਥੀਆਂ ਨੂੰ ਰੋਲ ਨੰਬਰ ਜਾਰੀ ਕੀਤੇ ਗਏ ਹਨ ਉਹ ਈ-ਪੰਜਾਬ ਪੋਰਟਲ ਉਪਰ ਦਰਜ ਵਿਦਿਆਰਥੀਆਂ ਨਾਲ ਮੇਲ ਖਾਦੇਂ ਹਨ।ਇਸਦੇ ਨਾਲ ਹੀ ਅਗਰ ਕਿਸੇ ਵਿਦਿਆਰਥੀ ਦੇ ਪਰਟੀਕੁਲਰ ਜਿਵੇਂ ਕਿ ਨਾਮ,ਪਿਤਾ ਦਾ ਨਾਮ, ਜਨਮ ਮਿਤੀ ਜਾਂ ਦਾਖਲਾ ਨੰਬਰ ਆਦਿ ਈ-ਪੰਜਾਬ ਪੋਰਟਲ ਉਪਰ ਦਰੁਸਤ ਕੀਤੇ ਜਾਣੇ ਹਨ ਤਾਂ ਸੰਬੰਧਤ ਬਲਾਕ ਐਮ.ਆਈ.ਕੋਆਰਡੀਨੇਟਰ ਨਾਲ ਤਾਲਮੇਲ ਕਰਕੇ ਕਲ ਤੱਕ ਹਰ ਹਾਲਤ ਵਿਚ ਦਰੁਸਤ ਕਰ ਦਿੱਤੇ ਜਾਣ। ਇਸ ਤੋ ਬਾਅਦ ਅਗਰ ਅਠਵੀਂ ਕਲਾਸ ਦੇ ਵਿਦਿਆਰਥੀਆਂ ਦੇ ਰਿਜ਼ਲਟ ਅਪਲੋਡ ਕਰਦੇ ਸਮੇ ਈ-ਪੰਜਾਬ ਪੋਰਟਲ ਤੇ ਵਿਦਿਆਰਥੀਆਂ ਦੀ ਗਿਣਤੀ ਵਿਚ ਅੰਤਰ ਆਉਦਾ ਹੈ ਤਾਂ ਇਸਦੀ ਜਿੰਮੇਵਾਰੀ ਸੰਬੰਧਤ ਕਲਸਟਰ ਮੁੱਖੀ ਦੀ ਹੋਵੇਗੀ।

ਜ਼ਿਲਾ ਸਿਖਿਆ ਅਫਸਰ (ਸੈ.ਸਿ),
ਅੰਮ੍ਰਿਤਸਰ।